## ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ

# ਨੇਕੀ ਦੀ ਦੀਵਾਰ ਗਰੀਬ ਅਤੇ ਲੋੜਵੰਦ ਲੋਕਾਂ ਲਈ ਹੋ ਰਹੀ ਹੈ ਲਾਹੇਵੰਦ ਸਾਬਤ

## ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦਾ ਹੈ ਨਿਵੇਕਲਾ ਉਪਰਾਲਾ

## ਹੁਣ ਤੱਕ 3352 ਜ਼ਰੂਰਤਵੰਦ ਲੋਕ ਉਠਾ ਚੁੱਕੇ ਨੇ ਲਾਹਾ

## 15 ਦਸੰਬਰ 2016 ਨੂੰ ਕੀਤੀ ਗਈ ਸੀ ਸ਼ੁਰੂਆਤ

## ਫਾਲਤੂ ਸਮਾਨ ਜਮ੍ਹਾਂ ਕਰਵਾਉਣ ਦੀ ਅਪੀਲ

ਫਾਜ਼ਿਲਕਾ 06 ਸਤੰਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਵੱਲੋ ਆਪਣੇ ਵਿਸ਼ੇਸ਼ ਯਤਨਾਂ ਨਾਲ ਸ਼ੁਰੂ ਕੀਤੀ ਗਈ "ਨੇਕੀ ਦੀ ਦੀਵਾਰ" ਦਾ ਇੱਕ ਛੋਟਾ ਜਿਹਾ ਉਪਰਾਲਾ ਜ਼ਰੂਰਤਮੰਦ ਲੋਕਾਂ ਲਈ ਬਹੁਤ ਹੀ ਲਾਹੇਵੰਦ ਸਿੱਧ ਹੋ ਰਿਹਾ ਹੈ। ਜ਼ਿਲ੍ਹਾਂ ਰੈਡ ਕਰਾਸ ਸੁਸਾਇਟੀ ਰਾਹੀਂ 15 ਦਸੰਬਰ 2016 ਨੂੰ ਇਥੋ ਦੇ ਸ਼ਾਸਤਰੀ ਚੌਕ ਨਜ਼ਦੀਕ ਸ਼ੁਰੂ ਕੀਤੀ ਗਈ ਇਸ ਨੇਕੀ ਦੀ ਦੀਵਾਰ ਤੋ ਹੁਣ ਤੱਕ 3352 ਲੋੜਵੰਦ ਲੋਕ ਇਸ ਤੋਂ ਲਾਹਾ ਲੈ ਚੁੱਕੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਡਿਪਟੀ ਕਮਿਸਨਰ ਨੇ ਦੱਸਿਆ ਕਿ ਇਸ ਨੇਕੀ ਦੀ ਦੀਵਾਰ ਨੂੰ ਸ਼ੁਰੂ ਕਰਨ ਪਿੱਛੇ ਉਨ੍ਹਾਂ ਦਾ ਮੁੱਖ-ਮਕਸਦ ਗਰੀਬ ਅਤੇ ਲੋੜਵੰਦ ਲੋਕਾਂ ਲਈ ਲੋੜੀਦੇ ਕੱਪੜੇ ਮਹੁੱਈਆ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਆਮ ਹੀ ਦੇਖਣ ਵਿੱਚ ਆਉਦਾ ਹੈ ਕਿ ਲੋਕਾਂ ਵੱਲੋ ਵਰਤੋ ਵਿੱਚ ਨਾ ਆਉਣ ਵਾਲਾ ਸਮਾਨ ਜਾਂ ਤਾਂ ਘਰ ਵਿੱਚ ਰੱਖ ਲਿਆ ਜਾਂਦਾ ਸੀ ਜਾਂ ਫਿਰ ਕੂੜੇ ਵਿੱਚ ਸੁੱਟ ਜਾਂ ਸਾੜ ਦਿੱਤਾ ਜਾਂਦਾ ਸੀ ਪਰ ਹੁਣ ਲੋਕਾਂ ਨੂੰ ਪ੍ਰੇਰਣਾ ਦੇ ਕੇ ਆਪਣਾ ਘਰੇਲੂ ਫਾਲਤੂ ਸਮਾਨ ਕੱਪੜੇ ਆਦਿ ਨੇਕੀ ਦੀ ਦੀਵਾਰ ਵਿਖੇ ਜਮਾਂ ਕਰਵਾ ਦਿੱਤਾ ਜਾਂਦਾ ਹੈ, ਜੋ ਅੱਗੇ ਗਰੀਬ ਅਤੇ ਜ਼ਰੂਰਤਮੰਦ ਲੋਕਾ ਦੀ ਵਰਤੋ ਵਿੱਚ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਪਤਵੰਤਿਆਂ ਵੱਲੋ ਨੇਕੀ ਕੀ ਦੀਵਾਰ ਵਿਖੇ ਪਹੁੰਚ ਕਰਕੇ ਆਪਣੇ ਪੁਰਾਣੇ ਕੱਪੜੇ ਜਾਂ ਹੋਰ ਵਾਧੂ ਸਮਾਨ ਜੋ ਆਮ ਜਿੰਦਗੀ ਵਿੱਚ ਘਰਾਂ ਵਿੱਚ ਵਰਤੇ ਜਾਂਦੇ ਹਨ ਦੇ ਜਾਂਦੇ ਹਨ ਜੋ ਕਿ ਅੱਗੇ ਜਰੂਰਤਮੰਦ ਲੋਕਾਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ ।

ਡਿਪਟੀ ਕਮਿਸ਼ਨਰ ਸ੍ਰੀਮਤੀ ਈਸਾ ਕਾਲੀਆ ਨੇ ਜ਼ਿਲ੍ਹਾਂ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਕੋਲ ਜਦੋ ਕੋਈ ਫਾਲਤੂ ਸਮਾਨ ਹੋਵੇ ਤਾ ਉਹ ਨੇਕੀ ਦੀ ਦੀਵਾਰ ਵਿਖੇ ਆ ਕੇ ਜਮਾ ਕਰਵਾ ਸਕਦੇ ਹਨ ਤਾਂ ਜੋ ਉਹ ਸਮਾਨ ਅੱਗੇ ਕਿਸੇ ਲੋੜਵੰਦ ਲੋਕਾਂ ਦੇ ਕੰਮ ਆ ਸਕੇ। ਇਸ ਦੇ ਨਾਲ ਹੀ ਉਨ੍ਹਾਂ ਜ਼ਰੂਰਤਮੰਦ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਕੱਪੜੇ ਆਦਿ ਦੀ ਜ਼ਰੂਰਤ ਹੋਵੇ ਤਾਂ ਉਹ ਇਸ ਨੇਕੀ ਦੀ ਦੀਵਾਰ ਵਿਖੇ ਆ ਕੇ ਬਿਨ੍ਹਾਂ ਝਿਜਕ ਅਤੇ ਮੁਫਤ ਵਿੱਚ ਲੈ ਕੇ ਜਾ ਸਕਦੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਸੈਕਟਰੀ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸ੍ਰੀ ਸੁਭਾਸ ਅਰੋੜਾ ਨੇ ਦੱਸਿਆ ਕਿ ਨੇਕੀ ਦੀ ਦੀਵਾਰ ਨੂੰ ਸਫਲਤਾ ਪੂਰਵਕ ਤਰੀਕੇ ਨਾਲ ਚਲਾਉਣ ਲਈ ਸੁਸਾਇਟੀ ਵੱਲੋ ਇੱਕ ਮਹਿਲਾ ਕਰਮਚਾਰੀ ਨੂੰ ਨਿਯੁਕਤ ਕੀਤਾ ਗਿਆ ਹੈ ਜੋ ਕਿ ਐਤਵਾਰ ਨੂੰ ਛੱਡ ਕੇ ਬਾਕੀ ਦੇ ਦਿਨਾਂ ਦੌਰਾਨ ਸਵੇਰੇ 9 ਵਜੇ ਤੋ ਸ਼ਾਮ 5 ਵਜੇ ਤੱਕ ਇਥੇ ਤੈਨਾਤ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇ ਦੋਰਾਨ ਸ਼ਹਿਰ ਵਾਸੀ ਕੋਈ ਵੀ ਆਪਣਾ ਫਾਲਤੂ ਸਮਾਨ ਜਮਾਂ ਕਰਵਾ ਸਕਦੇ ਹਨ ਅਤੇ ਜ਼ਰੂਰਤਮੰਦ ਲੋਕ ਆਪਣੀ ਜ਼ਰੂਰਤ ਅਨੁਸਾਰ ਸਮਾਨ ਮੁਫਤ ਲੈ ਕੇ ਜਾ ਸਕਦੇ ਹਨ।

ਸ਼ਹਿਰ ਦੇ ਲੋਕਾਂ ਅਤੇ ਸਮਾਜ ਸੇਵੀ ਸੰਗਠਨਾਂ ਕੋਲ ਕੋਈ ਵੀ ਫਾਲਤੂ ਸਮਾਨ ਹੈ, ਉਹ ਇਸ ਦੀਵਾਰ ਤੇ ਜਮ੍ਹਾਂ ਕਰਵਾ ਸਕਦਾ ਹੈ ਅਤੇ ਜਿਸ ਨੂੰ ਇਸ ਦੀ ਜਰੂਰਤ ਹੈ ਉੱਥੇ ਬਿਨ੍ਹਾਂ ਕਿਸੇ ਰੋਕ-ਟੋਕ ਤੋਂ ਇੱਥੋਂ ਲਿਜਾ ਸਕੇਗਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਸ਼ੁਰੂ ਹੋਣ ਨਾਲ ਜਰੂਰਤਮੰਦ ਲੋਕਾਂ ਨੂੰ ਵੱਡੀ ਸਹਾਇਤਾ ਮਿਲੇਗੀ। ਉਨ੍ਹਾਂ ਦੱਸਿਆ ਕਿ ਜਿਵੇਂ ਕਿ ਇਸ ਦੀਵਾਰ ਤੇ ਲੋਕ ਆਪਣਾ ਇਸਤੇਮਾਲ ਵਿਚ ਨਾ ਆਉਣ ਵਾਲਾ ਸਮਾਨ ਅਤੇ ਕੱਪੜੇ ਆਦਿ ਜਮ੍ਹਾਂ ਕਰਵਾ ਸਕਣਗੇ ਅਤੇ ਜਰੂਰਤਮੰਦ ਲੋਕ ਮੌਸਮ ਮੁਤਾਬਕ ਮੁਫ਼ਤ ਕੱਪੜਾ ਅਤੇ ਹੋਰ ਮੁਹੱਈਆ ਸਮਾਨ ਜੋ ਉਨ੍ਹਾਂ ਦੀ ਵਰਤੋਂ ਵਿਚ ਆਉਂਦਾ ਹੋਵੇਗਾ ਉੱਥੋਂ ਲੈ ਸਕਣਗੇ। ਉਨ੍ਹਾਂ ਸ਼ਹਿਰ ਦੇ ਲੋਕਾਂ ਅਤੇ ਸਮਾਜ ਸੇਵੀ ਸੰਗਠਨਾਂ ਨੂੰ ਅਪੀਲ ਕੀਤੀ ਕਿ ਸ਼ਹਿਰ ਵਿਚ ਸਥਾਪਿਤ ਕੀਤੀ ਜਾ ਰਹੀ ਨੇਕੀ ਦੀ ਦੀਵਾਰ ਤੇ ਆਪਣਾ ਸਮਾਨ ਜਮ੍ਹਾਂ ਕਰਵਾਉਣ।

ਫੋਟੋ ਕੈਪਸਨ: ਫਾਜ਼ਿਲਕਾ ਦੇ ਸ਼ਾਸਤਰੀ ਚੋਕ ਨਜਦੀਕ ਚੱਲ ਰਹੀ ਨੇਕੀ ਦੀ ਦੀਵਾਰ ਵਿਖੇ ਤੈਨਾਤ ਮਹਿਲਾ ਕਰਮਚਾਰੀ ਤੋਂ ਇੱਕ ਲੋੜਵੰਦ ਸਮਾਨ ਪ੍ਰਾਪਤ ਕਰਦਾ ਹੋਇਆ।

ਡਿਪਟੀ ਕਮਿਸਨਰ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ।

